pstcl

# ਪੰਜਾਬ ਰਾਜ ਟਰਾਂਸਮਿਸ਼ਨ ਨਿਗਮ ਲਿਮਟਡ

(ਦਫ: ਉਪ ਮੁੱਖ ਇੰਜੀਨੀਅਰ/ਪੀ ਅਤੇ ਐਮ ਹਲਕਾ, ਪਟਿਆਲਾ)

Fax: 0175-2360186 E-Mail: se-pm-pat@pstcl.org

*****************************************************************************

ਦਫਤਰੀ ਹੁਕਮ ਨੰ:42 /ਐਮ.ਟੀ-16 ਮਿਤੀ:-04.06.19

ਜਿਵੇਂ ਕਿ ਸ਼੍ਰੀ ਹਰਪ੍ਰੀਤ ਸਿੰਘ,ਐਸ.ਐਸ.ਏ. ਪੁੱਤਰ ਸ਼੍ਰੀ ਜਸਵਿੰਦਰ ਸਿੰਘ, ਆਈ.ਡੀ.ਨੰ:603120 ਨੂੰ ਆਪਣੀ ਡਿਊਟੀ ਤੋਂ ਲਗਾਤਾਰ ਗੈਰ ਹਾਜਰ ਹੋਣ ਕਾਰਨ ਇਸ ਦਫਤਰ ਵੱਲੋ ਦੋਸ਼ ਸੂਚੀ ਨੰ:4630 ਮਿਤੀ 18.08.17 ਹੇਠ ਲਿਖੀਆਂ ਕੁਤਾਹੀਆਂ/ਅਣਗਹਿਲੀਆਂ ਕਾਰਨ ਜਾਰੀ ਕੀਤੀ ਗਈ:

ਜਦੋਂ ਤੁਸੀਂ (ਸ਼੍ਰੀ ਹਰਪ੍ਰੀਤ ਸਿੰਘ,ਐਸ.ਐਸ.ਏ.) ਪੁੱਤਰ ਸ਼੍ਰੀ ਜਸਵਿੰਦਰ ਸਿੰਘ, 220 ਕੇ.ਵੀ. ਸਬ ਸਟੇਸ਼ਨ, ਮਾਜਰਾ ਵਿਖੇ ਬਤੌਰ ਐਸ.ਐਸ.ਏ. ਤਾਇਨਾਤ ਹੋ। ਤੁਹਾਡੇ ਵੱਲੋਂ ਆਪਣੀ ਡਿਊਟੀ ਦੌਰਾਨ ਹੇਠ ਲਿਖੇ ਅਨੁਸਾਰ ਅਣਗਹਿਲੀਆਂ/ਕੁਤਾਹੀਆਂ ਕੀਤੀਆਂ ਗਈਆਂ ਹਨ।

ਤੁਸੀਂ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਮਿਤੀ 06.12.2016 ਨੂੰ ਨੌਕਰੀ ਤੋਂ ਅਸਤੀਫਾ ਦੇਣ ਲਈ ਤਿੰਨ ਮਹੀਨੇ ਦਾ ਨੋਟਿਸ ਦਿੱਤਾ।ਪਰੰਤੂ ਤੁਸੀਂ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਮਿਤੀ 21.01.2017 ਤੋਂ ਹੁਣ ਤੱਕ, ਆਪਣੀ ਡਿਊਟੀ ਤੋਂ ਗੈਰ ਹਾਜਰ ਚੱਲ ਰਹੇ ਹੋ।ਮਿਤੀ 30.01.2017 ਨੂੰ ਤੁਹਾਡੇ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਵੱਲੋ ਐਸ.ਐਸ.ਈ 220 ਕੇ ਵੀ ਸ/ਸ ਮਾਜਰਾ ਨੂੰ ਈ-ਮੇਲ ਕੀਤੀ ਗਈ ਕਿ ਤੁਸੀਂ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਬਿਮਾਰ ਰਹਿਣ ਕਰਕੇ ਮਿਤੀ 21.01.2017 ਤੋ ਗੈਰ ਹਾਜ਼ਰ ਚੱਲ ਰਹੇ ਹੋ।ਜਿਸ ਸਬੰਧੀ ਤੁਹਾਡੇ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਵੱਲੋ ਜਲਦੀ ਹੀ ਬਿਮਾਰੀ ਸਬੰਧੀ ਡਾਕਟਰੀ ਸਰਟੀਫਿਕੇਟ ਦੇ ਦਿੱਤਾ ਜਾਵੇਗਾ।ਤੁਹਾਡੇ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਵੱਲੋ ਮਿਤੀ 04.02.17 ਨੂੰ ਐਸ.ਐਸ.ਈ 220 ਕੇ ਵੀ ਸ/ਸ ਮਾਜਰਾ ਨੂੰ ਈ-ਮੇਲ ਰਾਹੀ ਡਾਕਟਰੀ ਸਰਟੀਫਿਕੇਟ ਮਿਤੀ 21.01.17 ਤੋ 05.02.17 ਤੱਕ ਭੇਜਿਆ ਗਿਆ ਪ੍ਰੰਤੂ ਮਿਤੀ 06.02.17 ਤੋ ਹੁਣ ਤੱਕ ਤੁਹਾਡੇ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਵੱਲੋ ਨਾ ਤਾਂ ਡਾਕਟਰੀ ਸਰਟੀਫਿਕੇਟ ਦਿੱਤਾ ਗਿਆ ਅਤੇ ਨਾ ਹੀ ਡਿਊਟੀ ਜੁਆਇੰਨ ਕੀਤੀ ਗਈ।ਐਸ.ਐਸ.ਈ. 220 ਕੇ.ਵੀ. ਸਬ ਸਟੇਸ਼ਨ, ਮਾਜਰਾ ਦੇ ਮੀਮੋ ਨੰ 176/177 ਮਿਤੀ 13.02.2017,ਮੀਮੋ ਨੰ 196/197 ਮਿਤੀ 27.02.2017,ਮੀਮੋ ਨੰ 216/217 ਮਿਤੀ 20.03.2017, ਮੀਮੋ ਨੰ 18/19 ਮਿਤੀ 19.04.2017 ਅਤੇ ਮੀਮੋ ਨੰ 40/41 ਮਿਤੀ 17.05.2017 ਰਾਹੀਂ ਆਪ ਨੂੰ ਡਿਊਟੀ ਤੇ ਹਾਜਰ ਹੋਣ ਅਤੇ ਆਪਣਾ ਸਪੱਸ਼ਟੀਕਰਨ ਦੇਣ ਸੰਬੰਧੀ ਕਿਹਾ ਗਿਆ।ਵਧੀਕ ਨਿਗਰਾਨ ਇੰਜੀਨੀਅਰ, ਪੀ ਅਤੇ ਐਮ ਮੰਡਲ, ਪੀ.ਐਸ.ਟੀ.ਸੀ.ਐਲ.,ਰੋਪੜ ਦੇ ਦਫਤਰ ਦੇ ਮੀਮੋ ਨੰ: 276 ਮਿਤੀ 01.03.2017 ਅਤੇ ਮੀਮੋ ਨੰ: 452 ਮਿਤੀ 06.04.2017 ਨਾਲ ਤੁਹਾਨੂੰ(ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.)ਡਿਊਟੀ ਤੋ ਬਾਰ-ਬਾਰ ਗੈਰ ਹਾਜਰ ਰਹਿਣ ਸਬੰਧੀ ਸਪੱਸਟੀਕਰਨ ਦੇਣ ਲਈ ਕਿਹਾ ਗਿਆ।ਜਿਸ ਦਾ ਤੁਸੀਂ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਕੋਈ ਸਪੱਸਟੀਕਰਨ ਨਹੀ ਦਿੱਤਾ ਅਤੇ ਨਾ ਹੀ ਆਪਣੀ ਡਿਊਟੀ ਜੁਆਇੰਨ ਕੀਤੀ।

ਇਸ ਤੋਂ ਪਹਿਲਾਂ ਵੀ ਤੁਸੀਂ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਮਿਤੀ 18.06.2016 ਨੂੰ ਆਪਣੀ ਡਿਊਟੀ ਤੋਂ ਗੈਰ ਹਾਜ਼ਰ ਰਹੇ ਹੋ। ਐਸ.ਐਸ.ਈ.220 ਕੇ.ਵੀ. ਸਬ ਸਟੇਸ਼ਨ, ਮਾਜਰਾ ਦੇ ਮੀਮੋ ਨੰ: 23/24 ਮਿਤੀ 28.06.16 ਰਾਹੀਂ ਤੁਹਾਨੂੰ ਡਿਊਟੀ ਤੋਂ ਗੈਰ ਹਾਜਰ ਰਹਿਣ ਸਬੰਧੀ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਸੀ।ਤੁਸੀ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਮਿਤੀ 30.06.16 ਨੂੰ ਗੈਰ ਹਾਜ਼ਰੀ ਦਾ ਕਾਰਨ ਤੁਹਾਡੀ ਮਾਤਾ ਜੀ ਦੀ ਤਬੀਅਤ ਅਚਾਨਕ ਖਰਾਬ ਹੋਣ ਕਾਰਨ ਦੱਸਦੇ ਹੋਏ ਲਿਖ ਕੇ ਦਿੱਤਾ ਹੈ ਕਿ ਤੁਸੀਂ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਅੱਗੇ ਤੋ ਬਿਨ੍ਹਾਂ ਵਜ੍ਹਾਂ ਤੋ ਅਤੇ ਬਿਨ੍ਹਾਂ ਕਿਸੇ ਨੂੰ ਸੂਚਨਾਂ ਦਿੱਤੇ ਆਪਣੀ ਡਿਊਟੀ ਤੋ ਗੈਰ ਹਾਜ਼ਰ ਨਹੀ ਹੋਵੋਗੇ।

ਤੁਹਾਨੂੰ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਐਸ.ਐਸ.ਈ.220 ਕੇ.ਵੀ.ਸਬ-ਸਟੇਸ਼ਨ, ਮਾਜਰਾ ਦੁਆਰਾ ਰਜਿਸਟਰਡ ਪੋਸਟ ਰਾਹੀਂ ਪੱਤਰ ਭੇਜੇ ਗਏ।ਉਹਨਾਂ ਵਿੱਚ ਪੱਤਰ ਨੰ 176/177 ਮਿਤੀ 13.02.2017 ਅਤੇ ਪੱਤਰ ਨੰ 216/217 ਮਿਤੀ 20.03.2017 ਨੂੰ ਲੈਣ ਤੋ ਇਨਕਾਰ ਕਰ ਦਿੱਤਾ ਗਿਆ ਅਤੇ ਪੱਤਰ ਨੰ 18/19 ਮਿਤੀ 19.04.2017 ਅਤੇ ਪੱਤਰ ਨੰ 40/41 ਮਿਤੀ 17.05.2017 ਨੂੰ ਡਾਕ ਵਿਭਾਗ ਵੱਲੋਂ " Left India" ਲਿਖ ਕੇ ਵਾਪਿਸ ਮੋੜ ਦਿੱਤਾ ਗਿਆ।

Scanned by CamScanner

ਇਸ ਤਰ੍ਹਾਂ ਤੁਸੀਂ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਮਹਿਕਮੇ ਨੂੰ ਅਤੇ ਆਪਣੇ ਉਚ ਅਧਿਕਾਰੀਆਂ ਨੂੰ ਬਿਨਾ ਕੋਈ ਸੂਚਨਾਂ ਦਿਤੇ ਲਗਾਤਾਰ ਆਪਣੀ ਡਿਊਟੀ ਤੋਂ ਗੈਰ ਹਾਜਰ ਹੋ ਕੇ ਜਿੱਥੇ ਪੀ.ਐਸ.ਟੀ.ਸੀ.ਐਲ. ਦਾ ਅਨੁਸ਼ਾਸ਼ਨ ਭੰਗ ਕੀਤਾ ਹੈ ਉਥੇ ਉਚ ਅਧਿਕਾਰੀਆਂ ਦੇ ਹੁਕਮਾਂ ਦੀ ਘੋਰ ਉਲੰਘਣਾ ਕੀਤੀ ਹੈ। ਜਿਸ ਕਾਰਨ ਆਪ ਨੂੰ ਦੋਸ਼ ਸੂਚੀ ਨੰ:4630 ਮਿਤੀ 18.08.17 ਜਾਰੀ ਕੀਤੀ ਗਈ।ਆਪ(ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਵੱਲੋਂ ਇਹ ਦੋਸ਼ ਸੂਚੀ ਪ੍ਰਾਪਤ ਕਰ ਲਈ ਗਈ ਪ੍ਰੰਤੂ ਵਧੀਕ ਨਿਗਰਾਨ ਇੰਜੀਨੀਅਰ/ਪੀ ਤੇ ਐਮ ਮੰਡਲ,ਰੋਪੜ ਦੇ ਦਫਤਰ ਵੱਲੋਂ ਬਾਰ ਬਾਰ ਲਿਖਣ ਦੇ ਬਾਵਜੂਦ ਦੋਸ਼ ਸੂਚੀ ਦਾ ਜਵਾਬ ਨਹੀਂ ਦਿਤਾ ਗਿਆ।

ਜਿਵੇਂ ਕਿ ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ. ਵੱਲੋਂ ਮਿਤੀ 08.12.17 ਨੂੰ ਵਧੀਕ ਨਿਗਰਾਨ ਇੰਜੀਨੀਅਰ/ਪੀ ਤੇ ਐਮ ਮੰਡਲ,ਰੋਪੜ ਨੂੰ ਬਿਨੈ ਪੱਤਰ ਦਿਤਾ ਗਿਆ ਕਿ ਉਸਦੀ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਪਤਨੀ ਜੋ ਕੈਨੇਡਾ ਰਹਿੰਦੀ ਹੈ, ਦੀ ਤਬੀਅਤ ਅਚਾਨਕ ਖਰਾਬ ਹੋਣ ਕਾਰਨ ਉਸਨੂੰ ਵਿਦੇਸ਼ ਜਾਣਾ ਪੈ ਗਿਆ ਅਤੇ ਉਹ ਡਿਊਟੀ ਤੋਂ ਗੈਰ ਹਾਜਰ ਹੋ ਗਿਆ।ਵਿਦੇਸ਼ ਜਾਣ ਦੀ ਜਲਦੀ ਵਿੱਚ ਕਰਮਚਾਰੀ ਵੱਲੋਂ ਕਾਰਪੋਰੇਸ਼ਨ ਤੋਂ ਵਿਦੇਸ਼ ਜਾਣ ਦੀ ਮੰਨਜ਼ੂਰੀ ਵੀ ਨਹੀਂ ਲਈ ਗਈ। ਵਧੀਕ ਨਿਗਰਾਨ ਇੰਜੀ:/ਪੀ ਤੇ ਐਮ ਮੰਡਲ,ਪੀ.ਐਸ.ਟੀ.ਸੀ.ਐਲ.,ਰੋਪੜ ਨੇ ਆਪਣੇ ਦਫਤਰ ਦੇ ਪੱਤਰ ਨੰ:1970 ਮਿਤੀ 11.12.17 ਰਾਹੀਂ ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ. ਨੂੰ ਆਪਣਾ ਪਾਸਪੋਰਟ ਪੇਸ਼ ਕਰਨ ਲਈ ਲਿਖਿਆ।ਇਸਦੇ ਜਵਾਬ ਵਿੱਚ ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.ਵੱਲੋ ਬਿਨੈ ਪੱਤਰ ਦਿੱਤਾ ਗਿਆ ਕਿ ਉਸਨੇ ਆਪਣਾ ਪਾਸਪੋਰਟ ਰੀਨੀਊ ਕਰਵਾਉਣ ਲਈ ਦਿੱਤਾ ਹੈ।ਪਾਸਪੋਰਟ ਰੀਨਿਊ ਹੋਣ ਤੇ ਪੇਸ਼ ਕਰ ਦਿਤਾ ਜਾਵੇਗਾ। ਇਸ ਦਫਤਰ ਦੇ ਪੱਤਰ ਨੰ:6709/11 ਮਿਤੀ 15.12.17 ਰਾਹੀਂ ਉਪ ਮੁੱਖ ਇੰਜੀਨੀਅਰ/ਐਚ.ਆਰ.ਤੇ ਪ੍ਰੰਬਧਕੀ,ਪੀ.ਐਸ.ਟੀ.ਸੀ.ਐਲ.,ਪਟਿਆਲਾ ਨੂੰ ਕਰਮਚਾਰੀ ਨੂੰ ਡਿਊਟੀ ਜੁਆਇੰਨ ਕਰਵਾਉਣ ਸਬੰਧੀ ਸੇਧ ਮੰਗੀ ਗਈ। ਉਪ ਮੁੱਖ ਇੰਜੀਨੀਅਰ/ਐਚ.ਆਰ.ਤੇ ਪ੍ਰੰਬਧਕੀ,ਪੀ.ਐਸ.ਟੀ.ਸੀ.ਐਲ.,ਪਟਿਆਲਾ ਦੇ ਦਫਤਰ ਦੇ ਪੱਤਰ ਨੰ:200 /Est-2/603120/SE/Admn. ਮਿਤੀ 04.01.18 ਰਾਹੀਂ ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ. ਵੱਲੋ ਵਿਦੇਸ਼ ਜਾਣ ਸਬੰਧੀ ਜਹਾਜ ਦੀਆਂ ਟਿਕਟਾਂ ਦੀ ਫੋਟੋ ਕਾਪੀ ਅਤੇ ਪਾਸਪੋਰਟ ਰੀਨਿਊ ਕਰਵਾਉਂਣ ਸਬੰਧੀ ਪਾਸਪੋਰਟ ਦਫਤਰ ਦੀ ਪ੍ਰਾਪਤੀ ਰਸੀਦ ਦੀ ਫੋਟੋ ਕਾਪੀ ਮੰਗੀ ਗਈ। ਵਧੀਕ ਨਿਗਰਾਨ ਇੰਜੀਨੀਅਰ/ਪੀ ਤੇ ਐਮ ਮੰਡਲ,ਪੀ.ਐਸ.ਟੀ.ਸੀ.ਐਲ.,ਰੋਪੜ ਨੇ ਆਪਣੇ ਦਫਤਰ ਦੇ ਪੱਤਰ ਨੰ:56 ਮਿਤੀ 10.01.18, ਪੱਤਰ ਨੰ:137 ਮਿਤੀ 24.01.18, ਪੱਤਰ ਨੰ:265 ਮਿਤੀ 19.02.18, ਪੱਤਰ ਨੰ:444 ਮਿਤੀ 14.03.18 ਰਾਹੀਂ ਸ਼੍ਰੀ ਹਰਪ੍ਰੀਤ ਸਿੰਘ ਐਸ:ਐਸ.ਏ. ਨੂੰ ਇਹ ਦਸਤਾਵੇਜ਼ ਮੁਹਈਆ ਕਰਵਾਉਂਣ ਲਈ ਲਿਖਿਆ ਪ੍ਰੰਤੂ ਕਰਮਚਾਰੀ ਨੇ ਨਾ ਤਾਂ ਇਹ ਦਸਤਾਵੇਜ਼ ਮੰਡਲ ਦਫਤਰ ਨੂੰ ਮੁਹਈਆ ਕਰਵਾਏ ਅਤੇ ਨਾ ਹੀ ਉਨ੍ਹਾਂ ਵੱਲੋ ਲਿਖੇ ਪੱਤਰਾਂ ਦਾ ਕੋਈ ਜਵਾਬ ਦਿਤਾ। ਇਸ ਦਫਤਰ ਦੇ ਪੱਤਰ ਨੰ:1848 ਮਿਤੀ 10.04.18 ਰਾਹੀਂ ਇਸ ਦੀ ਸੂਚਨਾਂ ਉਪ ਮੁੱਖ ਇੰਜੀਨੀਅਰ/ਐਚ.ਆਰ.ਤੇ ਪ੍ਰੰਬਧਕੀ,ਪੀ.ਐਸ.ਟੀ.ਸੀ.ਐਲ.,ਪਟਿਆਲਾ ਦੇ ਦਫਤਰ ਨੂੰ ਦਿੱਤੀ ਗਈ। ਉਪ ਮੁੱਖ ਇੰਜੀਨੀਅਰ/ਐਚ.ਆਰ.ਤੇ ਪ੍ਰੰਬਧਕੀ,ਪੀ.ਐਸ:ਟੀ.ਸੀ.ਐਲ.,ਪਟਿਆਲਾ ਨੇ ਆਪਣੇ ਦਫਤਰ ਦੇ ਪੱਤਰ ਨੰ:7314 ਮਿਤੀ 23.05.18 ਰਾਹੀਂ ਇਸ ਦਫਤਰ ਨੂੰ Punishment & Appeal Regulation 1971 ਦੇ Part-IV Procedure for imposing Penalties PROCEDURE FOR IMPOSING MAJOR PENALTIES ਮੁਤਾਬਿਕ ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ. ਵਿਰੁੱਧ ਕਾਰਵਾਈ ਕਰਨ ਸਬੰਧੀ ਲਿਖਿਆ।

ਇਸ ਦਫਤਰ ਦੇ ਦਫਤਰੀ ਹੁਕਮ ਨੰ:29 ਮਿਤੀ 29.05.18 ਰਾਂਹੀਂ ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ. ਨੂੰ ਜਾਰੀ ਦੋਸ਼ ਸੂਚੀ ਦੇ ਦੋਸ਼ਾਂ ਦੀ ਪੜਤਾਲ ਲਈ ਇੰਜੀ:ਅਕਾਸ਼ ਮਿੱਤਲ,ਵਧੀਕ ਨਿਗਰਾਨ ਇੰਜੀਨੀਅਰ/ਪੀ ਤੇ ਐਮ ਮੰਡਲ,ਪੀ.ਐਸ.ਟੀ.ਸੀ.ਐਲ.,ਮੋਹਾਲੀ ਨੂੰ ਪੜਤਾਲ ਅਫਸਰ ਨਿਯੁਕਤ ਕੀਤਾ ਗਿਆ।ਪੜਤਾਲ ਅਫਸਰ ਵੱਲੋ ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.ਨੂੰ ਆਪਣਾ ਪੱਖ ਰੱਖਣ ਲਈ ਬਾਰ ਬਾਰ ਰਜਿਸਟਰਡ ਪੱਤਰ ਲਿਖੇ ਗਏ ਜੋ ਡਾਕ ਵਿਭਾਗ ਵੱਲੋ **"ਪੱਤਰ ਲੈਣ ਤੋ ਇਨਕਾਰ ਕਰਨ"** ਦਾ ਰਿਮਾਰਕਸ ਦੇ ਕੇ ਵਾਪਿਸ ਕਰ ਦਿਤੇ ਗਏ।ਇਸ ਸਬੰਧੀ ਹਿੰਦੁਸਤਾਨ ਟਾਈਮਸ ਅਤੇ ਪੰਜਾਬੀ ਟ੍ਰਿਬਿਊਨ ਅਖਬਾਰ ਵਿੱਚ ਪਬਲਿਕ ਨੋਟਿਸ ਰਾਹੀਂ ਵੀ ਤੁਹਾਨੂੰ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਸੂਚਿਤ ਕੀਤਾ ਗਿਆ ਪ੍ਰੰਤੂ ਤੁਸੀਂ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਪੜਤਾਲ ਅਫਸਰ ਸਾਹਮਣੇ ਆਪਣਾ ਪੱਖ ਰੱਖਣ ਲਈ ਪੇਸ਼ ਨਹੀਂ ਹੋਏ। ਪੜਤਾਲ ਅਫਸਰ ਨੇ ਗਵਾਹਾਂ ਦੇ ਬਿਆਨਾ ਅਤੇ ਰਿਕਾਰਡ ਮੁਤਾਬਿਕ ਆਪਣੀ ਪੜਤਾਲ ਵਿੱਚ ਤੁਹਾਨੂੰ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਦੋਸ਼ੀ ਠਹਿਰਾਇਆ ਹੈ।

Scanned by CamScanner

ਵਧੀਕ ਨਿਗਰਾਨ ਇੰਜੀਨੀਅਰ/ਪੀ ਤੇ ਐਮ ਮੰਡਲ,ਪੀ.ਐਸ.ਟੀ.ਸੀ.ਐਲ.,ਰੋਪੜ ਨੇ ਆਪਣੇ ਦਫਤਰ ਦੇ ਪੱਤਰ ਨੰ:1811 ਮਿਤੀ 02.11.18 ਰਾਹੀਂ ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ. ਨੂੰ ਇੱਕ ਮਹੀਨੇ ਦੇ ਅੰਦਰ ਅੰਦਰ ਪੀ ਤੇ ਐਮ ਮੰਡਲ,ਰੋਪੜ ਵਿਖੇ ਪੇਸ਼ ਹੋ ਕੇ ਪੜਤਾਲ ਰਿਪੋਰਟ ਤੇ ਆਪਣਾ ਪੱਖ ਰਖਣ ਲਈ ਲਿਖਿਆ।ਪ੍ਰੰਤੂ ਕਰਮਚਾਰੀ ਨਾ ਤਾਂ ਆਪਣਾ ਪੱਖ ਰੱਖਣ ਲਈ ਪੀ ਤੇ ਐਮ ਮੰਡਲ,ਰੋਪੜ ਵਿਖੇ ਪੇਸ਼ ਹੋਇਆ ਅਤੇ ਨਾ ਹੀ ਕੋਈ ਲਿਖਤੀ ਪੱਤਰ ਵਿਹਾਰ ਮੰਡਲ ਦਫਤਰ ਨਾਲ ਕੀਤਾ।

ਜਿਵੇਂ ਕਿ ਉਪਰੋਕਤ ਤੱਥਾਂ ਦੇ ਅਧਾਰ ਤੇ ਇਹ ਸਾਫ ਹੁੰਦਾ ਹੈ ਕਿ ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ. ਪੁੱਤਰ ਸ਼੍ਰੀ ਜਸਵਿੰਦਰ ਸਿੰਘ, ਆਈ.ਡੀ.ਨੰ:603120 ਮਿਤੀ 21.01.17 ਤੋਂ ਲਗਾਤਾਰ ਆਪਣੀ ਡਿਊਟੀ ਤੋਂ ਗੈਰ ਹਾਜਰ ਹੋਣਾ, ਦੋਸ਼ ਸੂਚੀ ਦਾ ਜਵਾਬ ਨਾ ਦੇਣਾ, ਨਿਗਮ ਤੋਂ ਪ੍ਰਵਾਨਗੀ ਲਏ ਬਿਨਾ ਵਿਦੇਸ਼ ਜਾਣਾ, ਵਿਦੇਸ਼ ਜਾਣ ਸਬੰਧੀ ਜਹਾਜ ਦੀਆਂ ਟਿਕਟਾਂ ਦੀ ਫੋਟੋ ਕਾਪੀ ਅਤੇ ਪਾਸਪੋਰਟ ਰੀਨਿਊ ਕਰਵਾਉਂਣ ਸਬੰਧੀ ਪਾਸਪੋਰਟ ਦਫਤਰ ਦੀ ਪ੍ਰਾਪਤੀ ਰਸੀਦ ਦੀ ਫੋਟੋ ਕਾਪੀ ਪੇਸ਼ ਨਾ ਕਰਨਾ ਅਤੇ ਜਾਣ ਬੁਝ ਕੇ ਮਹਿਕਮੇ ਨੂੰ ਗੁਮਰਾਹ ਕਰਨ ਲਈ ਜਿੰਮੇਵਾਰ ਹੈ। ਅਧਿਕਾਰੀਆਂ ਵੱਲੋਂ ਬਾਰ ਬਾਰ ਲਿਖਣ ਦੇ ਬਾਵਜੂਦ ਵੀ ਕਰਮਚਾਰੀ ਪੜਤਾਲ ਵਿੱਚ ਸ਼ਾਮਿਲ ਨਹੀ ਹੋਇਆ ਅਤੇ ਨਾ ਹੀ ਉਸ ਵੱਲੋ ਕੋਈ ਸੂਚਨਾਂ/ਪੱਤਰ ਵਿਹਾਰ ਕੀਤਾ ਗਿਆ।ਕਰਮਚਾਰੀ ਵਿਰੁੱਧ ਦੋਸ਼ ਸੂਚੀ ਵਿੱਚ ਲਗਾਏ ਗਏ ਦੋਸ਼ ਸਹੀ ਸਿੱਧ ਹੁੰਦੇ ਹਨ।

ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਵੱਲੋਂ ਸਾਰੀ ਵਿਭਾਗੀ (ਡਿਪਾਰਟਮੈਂਟਲ) ਕਾਰਵਾਈ ਕਰਨ ਉਪਰੰਤ ਨਿਮਨ ਹਸਤਾਖਰ ਕੋਲ ਕਰਮਚਾਰੀ ਨੂੰ ਬਰਤਰਫ ਕਰਨ (Removal from service) ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਰਹਿ ਜਾਂਦਾ। ਇਸ ਲਈ ਨਿਮਨ ਹਸਤਾਖਰ ਸਮਰਥ ਅਧਿਕਾਰੀ ਹੋਣ ਦੇ ਨਾਤੇ ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ., ਆਈ.ਡੀ.ਨੰ:603120 ਨੂੰ ਇਸ ਦਫਤਰੀ ਹੁਕਮ ਰਾਹੀਂ ਪੰਜਾਬ ਰਾਜ ਬਿਜਲੀ ਬੋਰਡ ਹੁਣ ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ. ਸਜਾ ਅਤੇ ਅਪੀਲ ਰੈਗੂਲੇਸ਼ਨ 1971 ਦੇ ਵਿਨਿਯਮ 5 ਜੋ ਕਿ ਉਪ ਵਿਨਿਯਮ 8 ਨਾਲ ਪੜਿਆ ਜਾਵੇ, ਅਧੀਨ ਤੱਤਕਾਲ ਪ੍ਰਭਾਵ ਤੋਂ ਸੇਵਾ ਤੋਂ ਬਰਤਰਫ (Removal from service) ਕਰਨ ਦਾ ਹੁਕਮ ਜਾਰੀ ਕੀਤਾ ਜਾਂਦਾ ਹਾਂ ਅਤੇ ਉਸ (ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ.) ਦੇ ਗੈਰ ਹਾਜਰੀ ਦੇ ਸਮੇਂ ਨੂੰ ਨਾਨ ਡਿਊਟੀ ਪੀਰੀਅਡ ਮੰਨਣ ਦਾ ਫੈਸਲਾ ਕੀਤਾ ਜਾਂਦਾ ਹੈ।

ਇਸ ਲਈ ਹੁਣ ਸ਼੍ਰੀ ਹਰਪ੍ਰੀਤ ਸਿੰਘ ਐਸ.ਐਸ.ਏ., ਆਈ.ਡੀ.ਨੰ:603120 ਨੂੰ ਪੀ.ਐਸ.ਟੀ.ਸੀ.ਐਲ ਦੀਆਂ ਸੇਵਾਵਾਂ ਤੋਂ ਤੱਤਕਾਲ ਅਸਰ ਤੋਂ ਬਰਤਰਫ (Removal from service) ਕੀਤਾ ਜਾਂਦਾ ਹੈ ਅਤੇ ਉਸਦਾ ਗੈਰ ਹਾਜਰੀ ਸਮਾਂ ਨਾਨ ਡਿਊਟੀ ਕੀਤਾ ਜਾਂਦਾ ਹੈ।

ਕਰਮਚਾਰੀ ਦੇ ਸੇਵਾ ਵੇਰਵੇ ਹੇਠ ਲਿਖੇ ਅਨੁਸਾਰ ਹਨ:-

| | |
|---|---|
| 1) ਕਰਮਚਾਰੀ ਦਾ ਨਾਮ ਅਤੇ ਅਹੁਦਾ | : ਸ਼੍ਰੀ ਹਰਪ੍ਰੀਤ ਸਿੰਘ,ਐਸ.ਐਸ.ਏ. |
| 2) ਆਈ.ਡੀ.ਨੰ: | : 603120 |
| 3) ਪਿਤਾ ਦਾ ਨਾਮ | : ਸ਼੍ਰੀ ਜਸਵਿੰਦਰ ਸਿੰਘ |
| 4) ਜਨਮ ਮਿਤੀ | : 21.04.1990 |
| 5) ਪੀ.ਐਸ.ਟੀ.ਸੀ.ਐਲ. ਵਿੱਚ ਭਰਤੀ ਦੀ ਮਿਤੀ | : 06.03.13 |
| 6) ਘਰ ਦਾ ਪਤਾ | : ਮਕਾਨ ਨੰ:483, ਗਲੀ ਨੰ:-3, ਤ੍ਰਿਪੜੀ ਟਾਊਨ,ਪਟਿਆਲਾ। |

ਸਹੀ/-

ਉਪ ਮੁੱਖ ਇੰਜੀਨੀਅਰ/ਪੀ ਤੇ ਐਮ ਹਲਕਾ,
ਪੀ.ਐਸ.ਟੀ.ਸੀ.ਐਲ.,ਪਟਿਆਲਾ।

ਪਿੱਠ ਅੰਕਣ ਨੰ:4179/4730 /ਈਪੀਟੀ-3152 ਮਿਤੀ:04.06.19

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗੇਤਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:

1) ਡੀਜੀਪੀ/ਵੀ ਤੇ ਐਸ,ਪਟਿਆਲਾ।
2) ਸਾਰੇ ਇੰਜੀ-ਇਨ-ਚੀਫ/ਮੁੱਖ ਇੰਜੀਨੀਅਰ,ਪੀ.ਐਸ.ਟੀ.ਸੀ.ਐਲ.ਅਤੇ ਪੀ.ਐਸ.ਪੀ.ਸੀ.ਐਲ.।
3) ਮੁੱਖ ਲੇਖਾ ਅਫਸਰ, ਪੀ.ਐਸ.ਟੀ.ਸੀ.ਐਲ.ਅਤੇ ਪੀ.ਐਸ.ਪੀ.ਸੀ.ਐਲ.।
4) ਸਾਰੇ ਨਿਗਰਾਨ ਇੰਜੀਨੀਅਰ/ਉਪ ਮੁੱਖ ਇੰਜੀਨੀਅਰ, ਪੀ.ਐਸ.ਟੀ.ਸੀ.ਐਲ.ਅਤੇ ਪੀ.ਐਸ.ਪੀ.ਸੀ.ਐਲ.।

Scanned by CamScanner

5) ਸਾਰੇ ਉਪ ਮੁੱਖ ਲੇਖਾ ਅਫਸਰ ਅਤੇ ਲੇਖਾ ਅਫਸਰ, ਪੀ.ਐਸ.ਟੀ.ਸੀ.ਐਲ.ਅਤੇ ਪੀ.ਐਸ.ਪੀ.ਸੀ.ਐਲ.।

6) ਸਾਰੇ ਵਧੀਕ ਨਿਗਾਨ ਇੰਜੀਨੀਅਰ/ਸੀਨੀ:ਕਾ:ਕਾ:ਇੰਜੀਨੀਅਰ, ਪੀ.ਐਸ.ਟੀ.ਸੀ.ਐਲ.ਅਤੇ ਪੀ.ਐਸ.ਪੀ.ਸੀ.ਐਲ.।

7) ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ, ਪੀ.ਐਸ.ਟੀ.ਸੀ.ਐਲ.ਅਤੇ ਪੀ.ਐਸ.ਪੀ.ਸੀ.ਐਲ.।

8) ਉਪ ਮੁੱਖ ਇੰਜੀਨੀਅਰ/ਆਈ.ਟੀ., ਪੀ.ਐਸ.ਪੀ.ਸੀ.ਐਲ. ਅਤੇ ਪੀ.ਐਸ.ਟੀ.ਸੀ.ਐਲ.,ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਦਫਤਰੀ ਹੁਕਮ ਨੂੰ ਵੈਬਸਾਈਟ ਉਪਰ ਅਪਲੋਡ ਕੀਤਾ ਜਾਵੇ ਜੀ।

9) ਸ੍ਰੀ ਹਰਪ੍ਰੀਤ ਸਿੰਘ,ਐਸ.ਐਸ.ਏ ਪੁੱਤਰ ਸ੍ਰੀ ਜਸਵਿੰਦਰ ਸਿੰਘ, ਮਕਾਨ ਨੰ:483, ਗਲੀ ਨੰ:-3, ਤ੍ਰਿਪੜੀ ਟਾਊਨ,ਪਟਿਆਲਾ।

ਉਪ ਮੁੱਖ ਇੰਜੀਨੀਅਰ/ਪੀ ਤੇ ਐਮ ਹਲਕਾ,
ਪੀ.ਐਸ.ਟੀ.ਸੀ.ਐਲ.,ਪਟਿਆਲਾ।

Scanned by CamScanner